ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪੈਨਸ਼ਨ ਪਾਲਿਸੀ ਤੇ ਤਾਲਮੇਲ ਸ਼ਾਖਾ)

ਸੇਵਾ ਵਿਖੇ,

ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/
ਪ੍ਰਮੁੱਖ ਸਕੱਤਰ ਅਤੇ ਸਕੱਤਰ, ਪੰਜਾਬ ਸਰਕਾਰ,
ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਰਾਜ,
ਸਮੂਹ ਵਿਭਾਗਾਂ ਦੇ ਮੁੱਖੀ,
ਸਮੂਹ ਡਵੀਜ਼ਨਾ ਦੇ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਸਮੂਹ ਜਿਲ੍ਹਾ ਤੇ ਸੈਸ਼ਨ ਜੱਜ,
ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ,
ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ।

ਵਿਸ਼ਾ: **Jeevan Parman Patra Digital Life Certificates- Mandatory for Punjab State Pensioners from November 2025 onwards.**

ਸ਼੍ਰੀਮਾਨ/ਸ਼੍ਰੀਮਤੀ ਜੀ,

ਵਿੱਤ ਵਿਭਾਗ ਦੀਆਂ ਹਦਾਇਤਾਂ ਨੰ: 3/28/2014-3ਵਿਪਪਤ/ 859692/I ਮਿਤੀ 14.10.2016 ਦੇ ਹਵਾਲੇ ਵਿੱਚ।

ਮੈਂਨੂੰ ਹਵਾਲਾ ਅਧੀਨ ਪੱਤਰ ਵੱਲ ਧਿਆਨ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਸਮੂਹ ਸਬੰਧਤ ਵਿਭਾਗਾਂ ਨੂੰ ਲਿਖਿਆ ਗਿਆ ਸੀ ਕਿ ਪੰਜਾਬ ਰਾਜ ਦੇ ਪੈਨਸ਼ਨਰਾਂ ਨੂੰ ਜੀਵਨ ਪ੍ਰਮਾਣ ਸਕੀਮ ਸਬੰਧੀ ਜਾਗਰੂਕਤ/ਉਤਸ਼ਾਹਤ ਕਰਨ ਲਈ ਆਪਣੇ ਦਫਤਰਾਂ ਅਤੇ ਆਪਣੇ ਜਿਲ੍ਹੇ ਵਿੱਚ ਆਉਂਦੇ ਬੈਕਾਂ ਵਿੱਚ ਬੈਨਰ/ਇਸਤਿਹਾਰਾਂ ਰਾਹੀਂ ਜਾਣਕਾਰੀ ਦਿਤੀ ਜਾਵੇ, ਤਾਂ ਜੋ ਜੀਵਨ ਪ੍ਰਮਾਣ ਸਕੀਮ ਨੂੰ ਪੰਜਾਬ ਰਾਜ ਵਿੱਚ ਸਹੀ ਢੰਗ ਨਾਲ ਲਾਗੂ ਕੀਤਾ ਜਾ ਸਕੇ।

2.0 ਉਕਤ ਹਦਾਇਤਾਂ ਦੀ ਲਗਾਤਾਰਤਾ ਵਿੱਚ ਆਪ ਨੂੰ ਦੱਸਿਆ ਜਾਂਦਾ ਹੈ ਕਿ ਰਾਜ ਸਰਕਾਰ ਵੱਲੋਂ ਪੈਨਸ਼ਨਰਾ/ਫੈਮਲੀ ਪੈਨਸ਼ਨਰਾਂ ਦੀ ਸੁਵਿਧਾ ਲਈ ਮਿਤੀ 01 ਨਵੰਬਰ 2025 ਤੋਂ **"ਪੈਨਸ਼ਨਰ ਸੇਵਾ ਪੋਰਟਲ (ਪੀ.ਐਸ.ਪੀ)"** ਲਾਗੂ ਕੀਤਾ ਜਾ ਰਿਹਾ ਹੈ, ਜਿਸ ਰਾਹੀਂ ਮਹੀਨਾਵਾਰ ਪੈਨਸ਼ਨ ਦੀ ਅਕਾਉਂਟਿੰਗ, ਈ-ਪੀ.ਪੀ.ਓ/ਪੈਨਸ਼ਨ ਡਾਟਾ, ਸ਼ਿਕਾਇਤ ਨਿਵਾਰਨ, ਸਕਸ਼ੈਸ਼ਨ ਮੋਡਿਊਲ ਆਦਿ ਦਾ ਉਪਬੰਧ ਕੀਤਾ ਗਿਆ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ **"ਜੀਵਨ ਪ੍ਰਮਾਣ ਪੱਤਰ ਪੋਰਟਲ"** ਦੀ **"ਪੈਨਸ਼ਨਰ ਸੇਵਾ ਪੋਰਟਲ"** ਨਾਲ ਇੰਟੀਗਰੇਸ਼ਨ ਮੁਕੰਮਲ ਹੋ ਚੁੱਕੀ ਹੈ। ਇਸ ਲਈ ਪੈਨਸ਼ਨ ਡਿਸਬਰਸਮੈਂਟ ਵਿੱਧੀ ਵਿੱਚ ਵਧੇਰੀ ਪਾਰਦਰਸ਼ਤਾ ਲਿਆਉਣ ਦੇ ਮੰਤਵ ਨਾਲ ਹੇਠ ਦਰਸਾਏ ਅਨੁਸਾਰ ਫੈਸਲਾ ਲਿਆ ਗਿਆ ਹੈ:-

i) ਮਿਤੀ **01 ਨਵੰਬਰ 2025** ਤੋ ਪੈਨਸ਼ਨਰ ਵੱਲੋਂ ਪੇਸ਼ ਕੀਤਾ ਜਾਣ ਵਾਲਾ **Life Certificate** ਹੁਣ ਜੀਵਨ ਪ੍ਰਮਾਣ ਪੱਤਰ ਪੋਰਟਲ ਰਾਹੀਂ ਸਵੀਕਾਰ ਕੀਤਾ ਜਾਵੇਗਾ। ਇਹ ਸੁਵਿਧਾ ਸਮੂਹ ਪੈਨਸ਼ਨ ਡਿਸਬਰਸਿੰਗ ਬੈਂਕ, ਜਿਲ੍ਹਾ ਖਜਾਨਾ ਦਫਤਰ, ਸੇਵਾ ਕੇਂਦਰ ਅਤੇ ਜੀਵਨ ਪ੍ਰਮਾਣ ਪੱਤਰ (www.jeevanpramaan.gov.in) ਦੀ ਵੈਬਸਾਈਟ/ਐਪਲੀਕੇਸ਼ਨ ਰਾਹੀਂ ਉਪਲੱਬਧ ਹੋਵੇਗੀ।

ii) ਜੇਕਰ ਜੀਵਨ ਪ੍ਰਮਾਣ ਪੱਤਰ ਪੋਰਟਲ ਤੇ ਸਬੰਧਤ ਪੈਨਸ਼ਨਰ ਦਾ ਲਾਈਫ ਸਰਟੀਫਿਕੇਟ ਕਿਸੇ ਕਾਰਣ ਭਾਵ ਰੀਪਿਟਡ ਅਟੈਂਪਟ ਅਤੇ ਵੱਖ-ਵੱਖ ਵਿੱਧੀਆਂ (fingerprint, face recognition, iris scan etc) ਅਪਨਾਉਣ ਦੇ ਬਾਵਜੂਦ ਵੀ ਵੈਰੀਫਾਈ ਨਹੀਂ ਹੋ ਸਕਿਆ ਤਾਂ, ਉਸ ਸਥਿਤੀ ਵਿੱਚ ਸਬੰਧਤ ਪੈਨਸ਼ਨ ਡਿਸਬਰਸਿੰਗ ਬੈਂਕ ਪਹਿਲਾਂ ਦੀ ਤਰ੍ਹਾਂ ਹੀ ਮੈਨੁਅਲ ਲਾਈਫ ਸਰਟੀਫਿਕੇਟ ਸਵੀਕਾਰ ਕਰੇਗਾ। ਪਰੰਤੂ ਅਜਿਹੇ ਕੇਸਾਂ ਦੀ ਗਿਣਤੀ ਸਬੰਧਤ ਜਿਲ੍ਹੇ ਦੇ ਕੁੱਲ ਪੈਨਸ਼ਨਰਾਂ ਦੇ **2 ਫੀਸਦੀ** ਤੱਕ ਹੀ ਸੀਮਤ ਰਹੇਗੀ। ਇਸ ਲਿਮਟ ਤੋਂ ਗਿਣਤੀ ਵੱਧਣ ਦੀ ਸੂਰਤ ਵਿੱਚ ਮੈਨੁਅਲ ਅੱਪਲੋਡ ਕੀਤਾ ਲਾਈਫ ਸਰਟੀਫਿਕੇਟ ਪ੍ਰੋਵੀਜ਼ਨਲੀ ਸਵੀਕਾਰ ਹੋਵੇਗਾ ਅਤੇ ਇਸ ਦੀ ਫਾਈਨਲ ਪ੍ਰਵਾਨਗੀ ਡਾਇਰੈਕਟੋਰੇਟ ਖ਼ਜ਼ਾਨਾ ਤੇ ਲੇਖਾ, ਪੈਨਸ਼ਨਰ ਅਤੇ ਨਵੀਂ ਪੈਨਸ਼ਨ ਸਕੀਮ, ਪੰਜਾਬ ਵੱਲੋਂ ਕੇਸ ਟੂ ਕੇਸ ਅਧਾਰ ਤੇ ਦਿੱਤੀ ਜਾਵੇਗੀ।

ਉਪਰੋਕਤ ਦੇ ਸਨਮੁੱਖ ਸਮੂਹ ਪੈਨਸ਼ਨਰਾਂ ਨੂੰ ਉਕਤ ਸਬੰਧੀ ਜਾਣਕਾਰੀ ਦਿੱਤੀ ਜਾਵੇ ਤਾਂ, ਜੋ ਮਿਤੀ 01 ਨਵੰਬਰ 2025 ਤੋਂ ਰਾਜ ਦੇ ਪੈਨਸ਼ਨਰਾਂ ਦਾ ਲਾਈਫ ਸਰਟੀਫਿਕੇਟ ਡਿਜੀਟਲ ਮੋਡ ਰਾਹੀਂ ਜਮ੍ਹਾਂ/ਅਪੱਡੇਟ ਹੋ ਸਕੇ।

31/10/25

ਅਧੀਨ ਸਕੱਤਰ, ਵਿੱਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਤੁਰੰਤ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਸੁਸ਼ਾਸ਼ਨ ਅਤੇ ਸੂਚਨਾ ਤਕਨੀਕੀ ਵਿਭਾਗ, ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਉਨ੍ਹਾਂ ਦੇ ਅਧੀਨ ਆਉਂਦੇ ਸਮੂਹ ਸੇਵਾ ਕੇਂਦਰਾਂ ਰਾਹੀਂ ਪੈਨਸ਼ਨਰਾਂ ਦੇ ਲਾਈਫ ਸਰਟੀਫਿਕੇਟ, ਜੀਵਨ ਪ੍ਰਮਾਣ ਪੱਤਰ ਪੋਰਟਲ ਰਾਹੀਂ ਅੱਪਡੇਟ ਕਰਨ ਸਬੰਧੀ ਸੁਵਿਧਾ ਦੇਣੀ ਯਕੀਨੀ ਬਣਾਈ ਜਾਵੇ।

2. ਸਮੂਹ ਪੈਨਸ਼ਨ ਡਿਸਬਰਸਿੰਗ ਬੈਂਕਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਨ੍ਹਾਂ ਦੇ ਅਧੀਨ ਆਉਂਦੀਆਂ ਸਮੂਹ ਸਬੰਧਤ ਪੈਨਸ਼ਨ ਡਿਸਬਰਸਿੰਗ ਬੈਂਕ ਬ੍ਰਾਂਚਾ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾਣ ਕਿ ਉਕਤ ਹਦਾਇਤਾਂ ਦੀ ਇੰਨ-ਬਿੰਨ੍ਹ ਪਾਲਣਾ ਹਿੱਤ ਰਾਜ ਦੇ ਪੈਨਸ਼ਨਰਾਂ ਨੂੰ ਮੁਕੰਮਲ ਸਪੋਰਟ (ਤਕਨੀਕੀ/ਗਾਇਡੈਂਸ) ਦੇਣੀ ਯਕੀਨੀ ਬਣਾਈ ਜਾਵੇ ਤਾਂ ਜੋ ਉਕਤ ਅਨੁਸਾਰ ਜੀਵਨ ਪ੍ਰਮਾਣ ਪੋਰਟਲ ਰਾਹੀਂ ਲਾਈਫ ਸਰਟੀਫਿਕੇਟ ਪ੍ਰਾਪਤ ਕਰਨ ਦੇ ਟੀਚੇ ਨੂੰ ਹਾਸਿਲ

ਕੀਤਾ ਜਾ ਸਕੇ।

3 . ਸਟੇਟ ਇੰਨਫਰਮੇਸ਼ਨ ਅਫਸਰ, ਐਨ.ਆਈ.ਸੀ, (ਪੀ.ਐਸ.ਪੀ ਟੀਮ) ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੈਨਸ਼ਨਰ ਸੇਵਾ ਪੋਰਟਲ ਵਿੱਚ ਦਰਜ ਸਮੂਹ ਪੈਨਸ਼ਨਰਾ ਦੇ ਮੋਬਾਈਲ ਨੰਬਰ ਤੇ ਲਾਈਫ ਸਰਟੀਫਿਕੇਟ ਜੀਵਨ ਪ੍ਰਮਾਣ ਪੱਤਰ ਪੋਰਟਲ ਰਾਹੀਂ ਅੱਪਡੇਟ ਹੋਣ ਬਾਰੇ ਟੈਕਸਟ ਮੈਸਜ਼ ਭੇਜੇ ਜਾਣ ਤਾਂ ਜੋ ਸਮੂਹ ਪੈਨਸ਼ਨਰ ਉਕਤ ਸਬੰਧੀ ਜਾਣੂ ਹੋ ਸਕਣ।

31/10/25
ਅਧੀਨ ਸਕੱਤਰ, ਵਿੱਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਖਜਾਨਾ ਤੇ ਲੇਖਾ, ਪੈਨਸ਼ਨਰ ਅਤੇ ਨਵੀਂ ਪੈਨਸ਼ਨ ਸਕੀਮ, ਪੰਜਾਬ, ਚੰਡੀਗੜ੍ਹ।
2. ਸਮੂਹ ਪੈਨਸ਼ਨ ਸੈਂਕਸ਼ਨਿੰਗ ਅਥਾਰਟੀ, ਪੰਜਾਬ ਰਾਜ।
3. ਰਾਜ ਦੇ ਸਮੂਹ ਜਿਲ੍ਹਾ ਖਜ਼ਾਨਾ ਅਫ਼ਸਰ, ਪੰਜਾਬ, ਚੰਡੀਗੜ੍ਹ।
4. ਵਿੱਤ ਵਿਭਾਗ ਦੇ ਅਧੀਨ ਆਉਂਦੇ ਸਮੂਹ ਡਾਇਰੈਕਟੋਰੇਟਸ।
5. ਇੰਨਚਾਰਜ਼, ਐਨ.ਆਈ.ਸੀ, (ਆਈ.ਐੱਫ.ਐਮ.ਐਸ,) ਵਿੱਤ ਤੇ ਯੋਜਨਾ ਭਵਨ, ਪੰਜਾਬ, ਚੰਡੀਗੜ੍ਹ।
6 . ਪ੍ਰੋਜੈਕਟ ਇੰਨਚਾਰਜ਼, ਪੀ.ਐਫ.ਐਮ.ਐਸ., ਸਟੇਟ ਡਾਇਰੈਕਟੋਰੇਟ ਪੰਜਾਬ, ਵਿੱਤ ਤੇ ਯੋਜਨਾ ਭਵਨ, ਸੈਕਟਰ-33, ਚੰਡੀਗੜ੍ਹ।

31/10/25
ਅਧੀਨ ਸਕੱਤਰ, ਵਿੱਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

31/10/25
ਅਧੀਨ ਸਕੱਤਰ, ਵਿੱਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ, ਪੰਜਾਬ।
2. ਸਮੂਹ ਪੈਨਸ਼ਨਰ/ਫੈਮਲੀ ਪੈਨਸ਼ਨਰ, ਪੰਜਾਬ ਸਰਕਾਰ।

31/10/25
ਅਧੀਨ ਸਕੱਤਰ, ਵਿੱਤ

ਕਾਪੀ:-

1. ਸਕੱਤਰ/ਵਿੱਤ ਮੰਤਰੀ, ਪੰਜਾਬ ਸਰਕਾਰ,

2. ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ,
3. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਵਿੱਤ ਵਿਭਾਗ,
4. ਨਿੱਜੀ ਸਕੱਤਰ/ਸਕੱਤਰ ਖਰਚਾ, ਵਿੱਤ ਵਿਭਾਗ,
5. ਸਮੂਹ ਉਪ ਸਕੱਤਰ ਅਤੇ ਅਧੀਨ ਸਕੱਤਰ, ਵਿੱਤ ਵਿਭਾਗ।